ਰੋਜ਼ਾਨਾ ਚੜ੍ਹਦੀਕਲਾ

# ਮੋਹਾਲੀ 'ਚ ਪੀਡੀਐਟ੍ਰਿਕ ਨੈਫਰੋਲੌਜੀ ਦੀ ਹੈਲਪਲਾਇਨ ਸ਼ੁਰੂ



ਮੋਹਾਲੀ ਦੇ ਫੇਜ਼-4 ਵਿਚਲੇ ਚੀਮਾ ਹਸਪਤਾਲ ਵਿਖੇ ਡੇਢ ਦਿਨ ਦੇ ਬੱਚੇ ਦਾ ਪੈਰੀਟੋਨੀਅਲ ਡਾਇਲਾਸਿਸ ਦਾ ਸਫਲਤਾਪੂਰਵਕ ਅਪਰੇਸ਼ਨ ਕਰਦੇ ਹੋਏ ਡਾ. ਵਰਿੰਦਰ ਸਿੰਘ ਵਿਰਦੀ ਅਤੇ ਡਾ. ਚੀਮਾ। (ਫੋਟੋ : ਰਾਜਿੰਦਰ ਸੇਵਕ)

ਮੋਹਾਲੀ, 24 ਜੁਲਾਈ (ਰਾਜਿੰਦਰ ਸੇਵਕ) : ਡਾ. ਵੀ.ਐਸ. ਵਿਰਦੀ ਜੋ ਕਿ ਬਤੌਰ ਕੰਸਲਟੈਂਟ ਗੌਰਮਿੰਟ ਮੈਡੀਕਲ ਕਾਲਜ, ਸੈਕਟਰ-32 ਵਿਚ ਕੰਮ ਕਰ ਚੁੱਕੇ ਹਨ, ਕੁੱਝ ਸਮਾਂ ਪਹਿਲਾਂ ਆਲ ਇੰਡੀਆ ਇਂਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏ ਆਈ ਆਈ ਐਮ ਐਸ) ਨਵੀਂ ਦਿੱਲੀ ਤੋਂ ਇੱਕ ਖਾਸ ਫੈਲੋਸ਼ਿਪ ਕਰਕੇ ਆਏ ਹਨ। ਇਹ ਫੈਲੋਸ਼ਿਪ ਉਹਨਾਂ ਨੂੰ ਇੰਡੀਅਨ ਪੀਡੀਐਟ੍ਰਿਕ ਨੈਫਰੋਲੌਜੀ ਗਰੁੱਪ ਨੇ ਸਾਰੇ ਦੇਸ਼ ਵਿਚੋਂ ਆਈਆਂ ਅਰਜ਼ੀਆਂ ਵਿਚੋਂ ਚੁਣ ਕੇ ਸਾਲ 2003 ਲਈ ਪ੍ਰਦਾਨ ਕੀਤੀ ਗਈ। ਡਾ. ਵਿਰਦੀ ਨੇ ਆਲ ਇੰਡੀਆ ਇੰਸਟੀਚਿਊਟ ਵਿੱਚ ਬੱਚਿਆਂ 'ਚ ਹੋਣ ਵਾਲੀਆਂ ਗੁਰਦੇ ਦੀਆਂ ਬਿਮਾਰੀਆਂ ਦੇ ਬਾਰੇ ਅਧਿਐਨ ਕੀਤਾ। ਡਾ. ਵਿਰਦੀ ਨੇ ਇਹ ਫੈਲੋਸ਼ਿਪ ਕਰਕੇ ਅਜਿਹੇ ਸਾਰੇ ਬੱਚਿਆਂ ਦੇ ਇਲਾਜ ਦੀ ਸਹੂਲਤ ਹੁਣ ਚੀਮਾ ਮੈਡੀਕਲ ਕੰਪਲੈਕਸ, ਫੇਜ਼-4, ਮੋਹਾਲੀ ਵਿਚ ਸ਼ੁਰੂ ਕੀਤੀ ਹੈ। ਬੱਚਿਆਂ ਦੇ ਅਜਿਹੇ ਰੋਗਾਂ ਦਾ ਇਲਾਜ ਸ਼ੁਰੂ ਕਰਨ ਵਾਲਾ ਚੰਡੀਗੜ੍ਹ, ਮੋਹਾਲੀ ਅਤੇ ਨੇੜੇ-ਤੇੜੇ ਦੇ ਇਲਾਕੇ ਵਿਚ ਇਹ ਪਹਿਲਾ ਨਿੱਜੀ ਹਸਪਤਾਲ ਹੈ।

ਇਹ ਗੱਲ ਅੱਜ ਇੱਥੇ ਡਾ. ਵਿਰਦੀ ਨੇ ਪੱਤਰਕਾਰ ਸੰਮੇਲਨ ਵਿਚ ਦੱਸੀ। ਉਨ੍ਹਾਂ ਅੱਗੇ ਕਿਹਾ ਕਿ ਬੱਚਿਆਂ ਵਿਚ ਜ਼ਿਆਦਾਤਰ ਨੈਫਰੋਟਿਕ ਸਿੰਡ੍ਰੋਮ ਦੀ ਬਿਮਾਰੀ ਹੁੰਦੀ ਹੈ ਜਿਸ ਵਿਚ ਬੱਚੇ ਦੀ ਕਿਡਨੀ ਰਾਹੀਂ ਸਰੀਰ ਦਾ ਪ੍ਰੋਟੀਨ ਬਾਹਰ ਨਿਕਲਣ ਲੱਗਦਾ ਹੈ ਅਤੇ ਬੱਚੇ ਦਾ ਸਰੀਰ ਸੁੱਜ ਜਾਂਦਾ ਹੈ। ਅਜਿਹੇ ਬੱਚੇ ਵਿਚ ਬਿਮਾਰੀ ਸਟੀਰਾਈਡ ਦੇਣ ਨਾਲ ਵੀ ਜੇ ਠੀਕ ਨਾ ਹੋਵੇ ਤਾਂ ਕਈ ਵਾਰ ਉਨ੍ਹਾਂ ਨੂੰ ਕੈਂਸਰ ਵਿਚ ਉਪਯੋਗ ਹੋਣ ਵਾਲੀਆਂ ਦਵਾਈਆਂ ਦੇਣੀਆਂ ਪੈਂਦੀਆਂ ਹਨ ਜਿਸ ਲਈ ਮਾਹਿਰ ਡਾਕਟਰਾਂ ਦੀ ਸਲਾਹ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ 40% ਨੈਫਰੋਟਿਕ ਸਿੰਡ੍ਰੋਮ ਵਾਲੇ ਬੱਚਿਆਂ ਵਿਚ ਆਮ ਤੋਂ ਜ਼ਿਆਦਾ ਗੁਰਦੇ 'ਤੇ ਅਸਰ ਪੈ ਸਕਦਾ ਹੈ ਅਤੇ ਅਜਿਹੀ ਸਥਿਤੀ ਵਿਚ ਗੁਰਦਾ ਫੇਲ੍ਹ ਵੀ ਹੋ ਸਕਦਾ ਹੈ, ਇਸ ਦੇ ਇਲਾਵਾ ਪਿਸ਼ਾਬ ਵਿਚ ਖ਼ੂਨ ਆਉਣਾ, ਬੱਚਿਆਂ ਵਿਚ ਬਲੱਡ ਪ੍ਰੈਸ਼ਰ ਵੱਧਣਾ, ਪਿਸ਼ਾਬ ਜ਼ਿਆਦਾ ਅਤੇ ਵਾਰ-ਵਾਰ ਆਉਣਾ, ਪਿਸ਼ਾਬ ਦਾ ਅਚਾਨਕ ਰੁੱਕ ਜਾਣਾ, ਕੁੱਝ ਉਮਰ ਦੇ ਬਾਅਦ ਵੀ ਬਿਸਤਰੇ 'ਤੇ ਪਿਸ਼ਾਬ ਕਰਨਾ ਅਤੇ ਵਾਰ-ਵਾਰ ਪਿਸ਼ਾਬ ਦੇ ਰਸਤੇ ਦੀ ਇਨਫੈਕਸ਼ਨ ਹੋਣ ਵਰਗੀਆਂ ਬਿਮਾਰੀਆਂ ਵਿੱਚ ਵੀ ਮਾਹਿਰਾਂ ਦੀ ਸਲਾਹ ਲੈਣਾ ਵੀ ਜ਼ਰੂਰੀ ਹੁੰਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਬੱਚੇ ਜਿਨ੍ਹਾਂ ਦੇ ਗੁਰਦੇ ਪੂਰੀ ਤਰ੍ਹਾਂ ਫੇਲ੍ਹ ਨਾ ਹੋਏ ਹੋਣ, ਉਨ੍ਹਾਂ ਵਿਚ ਬਾਕੀ ਬਚੇ ਗੁਰਦੇ ਨੂੰ ਬਚਾਉਣਾ ਹੋਰ ਵੀ ਜ਼ਰੂਰੀ ਹੁੰਦਾ ਹੈ। ਇਲਾਕੇ ਵਿਚ ਅਜਿਹੇ ਬੱਚਿਆਂ ਨੂੰ ਹੁਣ ਆਲ ਇੰਡੀਆ ਇੰਸਟੀਚਿਊਟ, ਦਿੱਲੀ ਜਾਣ ਦੀ ਬਜਾਇ ਇਹ ਸਹੂਲਤ ਹੁਣ ਮੋਹਾਲੀ ਵਿੱਚ ਵੀ ਮਿਲ ਸਕਦੀ ਹੈ, ਇਸ ਦੇ ਇਲਾਵਾ ਇੱਥੇ ਗੁਰਦੇ ਦੀ ਪੱਥਰੀ ਦਾ ਇਲਾਜ ਅਤੇ ਯੂਰੋਲੋਜੀ ਸਰਜਰੀ ਦਾ ਵੀ ਪ੍ਰਬੰਧ ਹੈ। ਉਨ੍ਹਾਂ ਦੱਸਿਆ ਕਿ ਬੱਚਿਆਂ ਵਿਚ ਹੋਣ ਵਾਲੀਆਂ ਹੱਡੀਆਂ ਦੀਆਂ ਬਿਮਾਰੀਆਂ ਜਿਸ ਨੂੰ ਰਿਕਿਟਸ ਕਹਿੰਦੇ ਹਨ, ਵਿਚ ਵੀ ਅਜਿਹੇ ਮਾਹਿਰਾਂ ਦੀ ਸਲਾਹ ਲੈਣੀ ਚਾਹੀਦੀ ਹੈ।